## ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ

ਹੁਕਮ ਨੰ:: 21/144-17 ਅ 1 (6) (ਕੋ:ਸ:4)
ਮਿਤੀ, ਐਸ.ਏ.ਐਸ.ਨਗਰ:: 02-07-2018

ਇਸ ਦਫਤਰ ਦੇ ਹੁਕਮ ਨੰ: (21218) 21/144-17 ਅ 1 (6) (ਕੋ:ਸ:2)/7838-40 ਮਿਤੀ 01-06-17/05-06-17 ਰਾਹੀਂ ਸ਼੍ਰੀ ਅਸ਼ੋਕ ਕੁਮਾਰ ਲੈਕ. ਪੋਲ ਸਾਇੰਸ ਸਸਸਸ (ਮੁੰਡੇ) ਮਾਨਸਾ ਹੁਣ ਸਸਸਸ ਖਾਰਾ ਜਿਲ੍ਹਾ ਮਾਨਸਾ ਦੀ ਰਿਟਾਇਰਮੈਂਟ ਮਿਤੀ 30-06-17 ਨੂੰ ਸੀ, ਦੇ ਸੇਵਾਕਾਲ ਵਿੱਚ ਮਿਤੀ 01-07-17 ਤੋਂ 30-06-18 ਤੱਕ ਇਕ ਸਾਲ ਦਾ ਵਾਧਾ ਦਿੱਤਾ ਗਿਆ ਸੀ। ਹੁਣ ਕਰਮਚਾਰੀ/ ਕਰਮਚਾਰਨ ਦੀ ਮੰਗ ਅਨੁਸਾਰ ਇਹਨਾਂ ਨੂੰ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਮਿਤੀ 01-07-18 ਤੋਂ 30-06-19 ਤੱਕ, ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ. 2/257 ਮਿਤੀ 30-10-2015 ਵਿੱਚ ਦਰਜ ਹਦਾਇਤਾਂ/ Terms and conditions ਦੇ ਸਨਮੁੱਖ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤਾ ਜਾਦਾ ਹੈ:-

1) ਸੇਵਾਕਾਲ ਦੇ ਵਾਧੇ ਲਈ ਅਧਿਕਾਰੀ/ਕਰਮਚਾਰੀ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 22/2/2013-3 ਐਫ.ਪੀ.2/257 ਮਿਤੀ 30.10.15 ਵਿੱਚ ਦਰਜ ਸਾਰੀਆਂ ਸ਼ਰਤਾਂ ਅਤੇ Terms and conditions ਮੰਨਜੂਰ ਹੋਣ।
2) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਅਧਿਕਾਰੀ/ਕਰਮਚਾਰੀ ਦੀ ਤਨਖਾਹ ਅਤੇ ਹੋਰ ਲਾਭਾਂ ਬਾਰੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: GSR57 and 58/Const./Art.309/Amd./2015. Dated 30.10.2015 ਪੂਰੀ ਤਰ੍ਹਾਂ ਲਾਗੂ ਹੋਵੇਗੀ, ਜਿਸ ਅਨੁਸਾਰ ਵਧੇ ਹੋਏ ਸੇਵਾਕਾਲ ਦੌਰਾਨ ਅਧਿਕਾਰੀ/ਕਰਮਚਾਰੀ ਨੂੰ ਤਰੱਕੀ, ਏ.ਸੀ.ਪੀ. ਦਾ ਲਾਭ, ਸਲਾਨਾ ਵਾਧਾ ਅਤੇ ਸਰਕਾਰ ਵੱਲੋਂ ਸੋਧੇ ਤਨਖਾਹ ਸਕੇਲ ਨਹੀਂ ਦਿੱਤੇ ਜਾਣਗੇ।
3) ਪੰਜਾਬ ਸਰਕਾਰ (ਵਿੱਤ ਵਿਭਾਗ ਵਿੱਤ ਪ੍ਰੋਸੋਨਲ-2 ਸ਼ਾਖਾ) ਦੇ ਪੱਤਰ ਨੰ: ਨੰ:22/2/2012-3 ਐਫ.ਪੀ.2/83 ਮਿਤੀ30-04-15 ਦੇ ਪੈਰਾ ਨੰ: 2 ਵਿਚ ਦਰਜ ਸ਼ਰਤਾਂ ਦੇ ਸਨਮੁੱਖ ਇਹ ਅਧਿਕਾਰੀ/ ਕਰਮਚਾਰੀ ਸੇਵਾਕਾਲ ਦੇ ਵਾਧੇ ਲਈ ਯੋਗ ਹੋਵੇ।
4) ਜੇਕਰ ਸੇਵਾਕਾਲ ਦੇ ਵਾਧੇ ਦੌਰਾਨ ਅਧਿਕਾਰੀ/ ਕਰਮਚਾਰੀ ਵੱਲੋਂ ਕੋਈ ਗੰਭੀਰ ਕੁਤਾਹੀ ਕੀਤੀ ਜਾਂਦੀ ਹੈ ਜਾਂ ਪਹਿਲਾਂ ਕੀਤੀ ਕੋਈ ਗੰਭੀਰ ਕੁਤਾਹੀ ਨੋਟਿਸ ਵਿਚ ਆਉਂਦੀ ਹੈ ਤਾਂ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤੋਂ ਇਲਾਵਾ ਉਸ ਦੇ ਸੇਵਾਕਾਲ ਦੇ ਵਾਧੇ ਨੂੰ ਫੌਰੀ ਤੌਰ ਤੇ ਬਿਨ੍ਹਾ ਕਿਸੇ ਨੋਟਿਸ ਦੇ ਵਾਪਸ ਲਿਆ ਜਾ ਸਕਦਾ ਹੈ।
5) ਸਬੰਧਤ ਕਰਮਚਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣ ਯੋਗ ਸਾਰੇ ਪੈਨਸ਼ਨਰੀ ਲਾਭ ਉਸਦੇ ਸੇਵਾਕਾਲ ਵਿਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣ ਯੋਗ ਹੋਣਗੇ।
6) ਜੇਕਰ ਕਰਮਚਾਰੀ ਦੀ ਪੈਨਸ਼ਨ ਮਹਾਂਲੇਖਾਕਾਰ ਪੰਜਾਬ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਧੀਨ ਦਫਤਰ ਵਿਖੇ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਤੁਰੰਤ ਰੋਕ ਦਿੱਤੀ ਜਾਵੇ।
7) ਕਰਮਚਾਰੀ ਉਕਤ ਦੱਸੀਆਂ ਹਦਾਇਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
8) ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ:22/2/2012-3 ਐਫ.ਪੀ-2/15 ਮਿਤੀ 23-01-2015 ਅਨੁਸਾਰ ਸਬੰਧਤ ਅਧਿਕਾਰੀ/ ਕਰਮਚਾਰੀ ਵਲੋਂ ਲਿਆ ਗਿਆ ਇਹ ਆਪਸ਼ਨਲ ਵਾਧਾ ਕਿਸੇ ਵੀ ਸਮੇਂ ਕੋਈ ਵੀ ਕਾਰਨ ਕਰਕੇ ਵਾਪਸ ਲਿਆ ਜਾ ਸਕਦਾ ਹੈ।
9) ਜੇਕਰ ਕਿਸੇ ਵੇਲੇ ਵੀ ਕੋਈ ਤੱਥ ਗਲਤ ਪਾਇਆ ਗਿਆ ਜਾਂ ਅਧਿਕਾਰੀ/ ਕਰਮਚਾਰੀ ਵਿਰੁੱਧ ਚੱਲ ਰਹੀ ਵਿਭਾਗੀ ਇਨਕੁਆਰੀ/ ਵਿਜੀਲੈਂਸ ਕੇਸ ਜਾਂ ਕਰੀਮਿਨਲ ਕੇਸ ਬਾਰੇ ਤੁਰੰਤ ਸੂਚਨਾ ਨਾ ਭੇਜੀ ਗਈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ ਸਕੂਲ ਮੁੱਖੀ ਦੀ ਹੋਵੇਗੀ।

ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐਸ.,
ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ: 201825793-95
ਮਿਤੀ ਐਸ.ਏ.ਐਸ. ਨਗਰ:-02-07-18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ।
2. ਪ੍ਰਿੰਸੀਪਲ/ਮੁੱਖ ਅਧਿਆਪਕ, ਸਸਸਸ ਖਾਰਾ ਜਿਲ੍ਹਾ ਮਾਨਸਾ।
3. ਸ਼੍ਰੀ ਅਸ਼ੋਕ ਕੁਮਾਰ ਲੈਕ. ਪੋਲ ਸਾਇੰਸ ਸਸਸਸ ਖਾਰਾ ਜਿਲ੍ਹਾ ਮਾਨਸਾ।

(ਬਲਜਿੰਦਰ ਕੌਰ) 2/7/18
ਸੁਪਰਡੰਟ ਕੋਆਰਡੀਨੇਸ਼ਨ ਸ਼ਾਖਾ